# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ
**ਪਰਿਵਾਰ ਕਲਿਆਣ ਭਵਨ, ਸੈਕਟਰ 34-ਏ,ਚੰਡੀਗੜ੍ਹ**
**(ਅਮਲਾ-6 ਸ਼ਾਖਾ)**
**Email-id – supdtc6@gmail.com**

**ਦਫਤਰੀ ਹੁਕਮ**

ਨੰ:ਈ.6(1)ਪੰ:-2016/ ਮਿਤੀ, ਚੰਡੀਗੜ੍ਹ

ਪੰਜਾਬ ਸਰਕਾਰ ਵਲੋਂ ਸਿਹਤ ਵਿਭਾਗ, ਪੰਜਾਬ ਦੇ ਜਿਲ੍ਹਾ ਹਸਪਤਾਲਾਂ ਅਧੀਨ ਚਲਾਏ ਜਾ ਰਹੇ SNCU ਯੂਨਿਟਾਂ ਲਈ ਸਟਾਫ ਨਰਸਾਂ ਦੀਆਂ ਮੰਨਜੂਰਸੁਦਾ ਅਸਾਮੀਆਂ ਨੂੰ ਭਰਨ ਸਬੰਧੀ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸੀਜ਼, ਫਰੀਦਕੋਟ ਵਲੋਂ ਲਈ ਪ੍ਰੀਖਿਆ ਦੇ ਨਤੀਜ਼ੇ ਅਤੇ ਵਿਭਾਗੀ ਚੋਣ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਇਸ ਦਫਤਰ ਦੇ ਦਫਤਰੀ ਹੁਕਮ ਨੰ: ਈ6(1)ਪੰ/2016/5114 ਮਿਤੀ 19-05-2016 ਰਾਂਹੀ 51 ਯੋਗ ਉਮੀਦਵਾਰਾਂ ਦੀ ਤਨਖਾਹ ਸਕੇਲ 10300-34800+4600 ਗ੍ਰੇਡ (initial pay Rs. 18030/-) (ਗਰੁੱਪ-ਸੀ) ਵਿੱਚ ਬਤੌਰ ਸਟਾਫ ਨਰਸ ਨਿਯੁਕਤੀ ਕੀਤੀ ਗਈ ਹੈ। ਇਨ੍ਹਾਂ 51 ਸਟਾਫ ਨਰਸਾਂ ਦੀ **Facility Based Newborn Care (FBNC) Training** ਮਿਤੀ 24-05-2016 ਤੋਂ 27-05-2016 ਤੱਕ (4 ਦਿਨਾਂ) ਰਾਜ ਸਿਹਤ ਅਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ, ਫੇਜ-6, ਐਸ.ਏ.ਐਸ. ਨਗਰ ਵਿਖੇ ਲਗਾਈ ਜਾਂਦੀ ਹੈ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਟ੍ਰੇਨਿੰਗ ਇਨ੍ਹਾਂ ਨਵ-ਨਿਯੁਕਤ ਕਰਮਚਾਰੀਆਂ / ਕਰਮਚਾਰਨਾਂ ਲਈ ਲਾਜ਼ਮੀ ਹੋਵੇਗੀ ਅਤੇ ਇਨ੍ਹਾਂ 4 ਦਿਨਾਂ ਦੀ ਟ੍ਰੇਨਿੰਗ ਤੋਂ ਬਾਅਦ ਅਗਲੀ ਟ੍ਰੇਨਿੰਗ ਸਬੰਧੀ ਸ਼ਡਿਊਲ ਇਨ੍ਹਾਂ ਕਰਮਚਾਰਨਾਂ ਨੂੰ ਟ੍ਰੇਨਿੰਗ ਖਤਮ ਹੋਣ ਤੋਂ ਬਾਅਦ ਰਾਜ ਸਿਹਤ ਅਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ, ਫੇਜ-6, ਐਸ.ਏ.ਐਸ. ਨਗਰ ਪਾਸੋ ਹੀ ਪ੍ਰਾਪਤ ਹੋਵੇਗਾ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

ਪਿ:ਅੰ:ਨੰ:ਈ.6(1)ਪੰ:-2015/5190-91 ਮਿਤੀ, ਚੰਡੀਗੜ੍ਹ 19/5/16

ਉਤਾਰਾ:-

1) ਪ੍ਰਿੰਸੀਪਲ, ਰਾਜ ਸਿਹਤ ਅਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ, ਫੇਜ-6, ਐਸ.ਏ.ਐਸ. ਨਗਰ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ / ਕਰਮਚਾਰਨਾਂ ਦੀ ਟ੍ਰੇਨਿੰਗ ਸਬੰਧੀ ਸਾਰੇ ਇੰਤਜ਼ਾਮ ਮੁਕੰਮਲ ਕੀਤੇ ਜਾਣ ਅਤੇ ਇਨ੍ਹਾਂ ਕਰਮਚਾਰੀਆਂ / ਕਰਮਚਾਰਨਾਂ ਦੀਆਂ ਹਾਜਰੀ ਰਿਪੋਰਟਾਂ ਅਤੇ ਮੈਡੀਕਲ ਫਿਟਨਸ ਰਿਪੋਰਟਾਂ ਹੱਥ-ਦਸਤੀ ਇਸ ਦਫਤਰ ਨੂੰ ਭੇਜਣੀਆਂ ਯਕੀਨੀਆਂ ਬਣਾਈਆਂ ਜਾਣ।
2) ਸਬੰਧਤ ਕਰਮਚਾਰੀਆਂ / ਕਰਮਚਾਰਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਕਰਮਚਾਰੀ / ਕਰਮਚਾਰਨਾਂ ਮਿਤੀ 24-05-2016 ਨੂੰ ਆਪਣੀ ਹਾਜਰੀ ਰਿਪੋਰਟ / ਮੈਡੀਕਲ ਫਿਟਨਸ ਰਿਪੋਰਟ ਪ੍ਰਿੰਸੀਪਲ, ਰਾਜ ਸਿਹਤ ਅਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ, ਫੇਜ-6, ਐਸ.ਏ.ਐਸ. ਨਗਰ ਨੂੰ ਪੇਸ਼ ਕਰਨਗੇ।

19/5

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ), ਪੰਜਾਬ